# ਆਪਣੇ ਮੋਬਾਈਲ ਫੋਨ 'ਤੇ ਗੇਹੂੰ ਡਾਕਟਰ ਐਪ ਦੀ ਵਰਤੋਂ ਕਰਕੇ ਕਣਕ ਬਾਰੇ ਜਾਣਕਾਰੀ ਪ੍ਰਾਪਤ ਕਰੋ

ਭਾਰਤੀ ਕਣਕ ਅਤੇ ਜੌਂ ਖੋਜ ਸੰਸਥਾ (ਆਈ ਆਈ ਡਬਲਯੂ ਬੀ ਆਰ), ਕਰਨਾਲ ਨੇ ਕਣਕ ਦੀ ਫ਼ਸਲ ਬਾਰੇ ਜਾਣਕਾਰੀ ਲਈ ਗੇਹੂੰ ਡਾਕਟਰ ਨਾਮ ਦੀ ਇੱਕ ਐਂਡਰਾਇਡ ਐਪਲੀਕੇਸ਼ਨ ਤਿਆਰ ਕੀਤੀ ਹੈ।

ਇਸ ਐਪ ਵਿੱਚ ਜਾਣਕਾਰੀ ਲਈ ਹਿੰਦੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ ਤਾਂ ਜੋ ਕਿਸਾਨ ਭਾਈਚਾਰਾ ਵੱਧ ਤੋਂ ਵੱਧ ਲਾਭ ਲੈ ਸਕੇ।

ਇਹ ਮੁੱਖ ਤੌਰ 'ਤੇ ਕਣਕ ਦੀਆਂ ਬਿਮਾਰੀਆਂ, ਕੀੜੇ-ਮਕੌੜੇ, ਕਿਸੇ ਵੀ ਖੇਤਰ ਦੀਆਂ ਮੁੱਖ ਬਿਮਾਰੀਆਂ, ਕਿਸੇ ਵੀ ਖੇਤਰ ਦੀਆਂ ਬਿਮਾਰੀ-ਰੋਧਕ ਕਿਸਮਾਂ, ਏਕੀਕ੍ਰਿਤ ਕੀਟ ਪ੍ਰਬੰਧਨ (ਆਈ ਪੀ ਐਮ) ਕਾਰਜਨੀਤੀ ਅਤੇ ਵਾਢੀ ਤੋਂ ਬਾਅਦ ਸਾਂਭ-ਸੰਭਾਲ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ।

ਇਸ ਜਾਣਕਾਰੀ ਦੀ ਵਰਤੋਂ ਕਰਕੇ, ਕਿਸਾਨ ਆਪਣੀਆਂ ਫ਼ਸਲ ਦੀ ਬਿਹਤਰ ਦੇਖਭਾਲ ਕਰ ਸਕਦੇ ਹਨ ਅਤੇ ਬਿਮਾਰੀਆਂ/ਕੀੜਿਆਂ ਦੀ ਪਛਾਣ ਕਰ ਸਕਦੇ ਹਨ। ਐਪ ਵਾਢੀ ਤੋਂ ਬਾਅਦ ਭੰਡਾਰਨ ਦੌਰਾਨ ਅਨਾਜ ਦੀ ਸੁਰੱਖਿਅਤ ਸਾਂਭ ਸੰਭਾਲ ਅਤੇ ਕੀਟ ਪ੍ਰਬੰਧਨ ਬਾਰੇ ਵੀ ਜਾਣਕਾਰੀ ਪ੍ਰਦਾਨ ਕਰਦੀ ਹੈ।